# ਨਮੂਨੇ ਦਾ ਪ੍ਰਸ਼ਨ-ਪੱਤਰ: ਟਰਮ-2

## ਜਮਾਤ ਪੰਜਵੀਂ: ਪੰਜਾਬੀ (ਦੂਜੀ ਭਾਸ਼ਾ)

**ਟਰਮ-2 ਪਰੀਖਿਆ: 40 ਅੰਕ**

**ਨੋਟ: ਸਾਫ਼, ਸੁੰਦਰ ਤੇ ਸ਼ੁੱਧ ਲਿਖਾਈ ਲਈ 5 ਅੰਕ ਹੋਣਗੇ । ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਸਹੀ ਲਿਖੇ ਜਾਣ ।**

**I. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਸ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ (1 ਤੋਂ 5 ਤਕ) ਵਿੱਚੋਂ ਕਿਸੇ ਚਾਰ ਦੇ ਉੱਤਰ ਦਿਓ:** **2x4=8**

ਗੁਰੂ ਤੇਗ਼ ਬਹਾਦਰ ਜੀ ਸਿੱਖਾਂ ਦੇ ਨੌਂਵੇਂ ਗੁਰੂ ਸਨ। ਆਪ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਛੋਟੇ ਸਪੁੱਤਰ ਸਨ। ਆਪ ਦਾ ਜਨਮ ਮਾਤਾ ਨਾਨਕੀ ਜੀ ਦੀ ਕੁੱਖੋਂ 1 ਅਪਰੈਲ, 1621ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ।

ਆਪ ਜੀ ਨੇ ਦੋ ਮਹਾਂਪੁਰਖਾਂ ਪਾਸੋਂ ਸਿੱਖਿਆ ਪ੍ਰਾਪਤ ਕੀਤੀ। ਬਾਬਾ ਬੁੱਢਾ ਜੀ ਨੇ ਆਪ ਨੂੰ ਘੋੜ-ਸਵਾਰੀ ਅਤੇ ਸ਼ਸਤਰ-ਵਿੱਦਿਆ ਵਿੱਚ ਨਿਪੁੰਨ ਕੀਤਾ। ਭਾਈ ਗੁਰਦਾਸ ਜੀ ਨੇ ਆਪ ਨੂੰ ਕਈ ਭਾਸ਼ਾਵਾਂ ਅਤੇ ਬਹੁਤ ਸਾਰੇ ਗ੍ਰੰਥਾਂ ਦੀ ਪੜ੍ਹਾਈ ਕਰਵਾਈ।

ਆਪ ਦਾ ਵਿਆਹ ਮਾਤਾ ਗੁਜਰੀ ਜੀ ਨਾਲ਼ ਹੋਇਆ। ਗੁਰੂ ਗੋਬਿੰਦ ਸਿੰਘ ਜੀ ਆਪ ਦੇ ਸਪੁੱਤਰ ਸਨ। ਬਾਅਦ ਵਿੱਚ ਉਹ ਦਸਵੇਂ ਗੁਰੂ ਬਣੇ। ਗੁਰੂ ਤੇਗ਼ ਬਹਾਦਰ ਜੀ ਬੜੇ ਸ਼ਾਂਤ ਸੁਭਾਅ ਦੇ ਮਾਲਕ ਸਨ। ਕਹਿੰਦੇ ਹਨ, ਆਪ ਦਾ ਪਹਿਲਾ ਨਾਂ ਤਿਆਗ ਮੱਲ ਸੀ। ਆਪ ਬਹਾਦਰ ਵੀ ਬਹੁਤ ਸਨ। ਮੁਗ਼ਲ ਫ਼ੌਜਾਂ ਨਾਲ਼ ਯੁੱਧਾਂ ਵਿੱਚ ਆਪ ਨੇ ਆਪਣੀ ਤੇਗ਼ ਦੇ ਖ਼ੂਬ ਜੌਹਰ ਦਿਖਾਏ। ਉਦੋਂ ਗੁਰੂ ਹਰਿਗੋਬਿੰਦ ਜੀ ਨੇ ਇਹਨਾਂ ਨੂੰ ਤੇਗ਼ ਬਹਾਦਰ ਨਾਮ ਦਿੱਤਾ।

ਜਦੋਂ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾਏ ਤਾਂ ਗੁਰੂ ਤੇਗ਼ ਬਹਾਦਰ ਜੀ ਬਕਾਲੇ ਨਗਰ ਜਾ ਕੇ ਰਹਿਣ ਲੱਗੇ। ਇਹ ਸਥਾਨ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ। ਇੱਥੇ ਲਗ-ਪਗ 20 ਸਾਲ ਇਕਾਂਤ ਵਿੱਚ ਰਹਿ ਕੇ ਆਪ ਨੇ ਭਗਤੀ ਕੀਤੀ। ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਆਪ ਨੂੰ ਗੁਰਗੱਦੀ ਮਿਲ਼ੀ।

1. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਮਾਤਾ ਜੀ ਦਾ ਨਾਮ ਦੱਸੋ ।
2. ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਕਿਸ ਚੀਜ਼ ਵਿੱਚ ਨਿਪੁੰਨ ਕੀਤਾ ?
3. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਪਹਿਲਾ ਨਾਂ ਕੀ ਸੀ ?
4. ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਬਕਾਲੇ ਨਗਰ ਵਿਖੇ ਕਿੰਨੇ ਸਾਲ ਭਗਤੀ ਕੀਤੀ ?
5. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

II. ਪਾਠ-ਪੁਸਤਕ ਦੇ ਆਧਾਰ 'ਤੇ ਪ੍ਰਸ਼ਨ ਨੰਬਰ 6 ਤੋਂ 10 ਤਕ ਵਿੱਚੋਂ ਕਿਸੇ ਤਿੰਨ ਦੇ ਉੱਤਰ ਦਿਓ:

**3x3=9**

6. ਸੁਹੇਲ ਨੇ ਗੁਲਾਬ ਦੇ ਪੌਦੇ ਦੀ ਸੇਵਾ ਕਿਵੇਂ ਕੀਤੀ ?
7. ਨਿੰਮੀ ਕਾਹਲੀ- ਕਾਹਲੀ ਕਿਉਂ ਲਿਖ ਰਹੀ ਸੀ ?
8. ਖ਼ਰਗੋਸ਼ਾਂ ਨੇ ਲੂੰਬੜੀ ਦੇ ਖ਼ਤਰੇ ਨੂੰ ਕਿਵੇਂ ਟਾਲਿਆ ?
9. ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਕਿਉਂ ਛੱਡਿਆ ?
10. ਰਵੀ ਕਲਪਨਾ ਵਿੱਚ ਕਿੱਥੇ-ਕਿੱਥੇ ਸੈਰ ਕਰਕੇ ਆਇਆ ?

III. ਹੇਠ ਲਿਖੇ ਸ਼ਬਦ ਸਮੂਹ ਵਿੱਚੋਂ ਕਿਸੇ ਤਿੰਨ ਸ਼ਬਦਾਂ ਦਾ ਆਪਸ ਵਿੱਚ ਮਿਲਾਣ ਕਰੋ : **1x3=3**

| | | |
|---|---|---|
| ਕਬੂਤਰ | : | ਗੀਤ |
| ਬਤਕਾਂ | : | ਉਡਾਰੀ |
| ਕੂੰਜਾਂ | : | ਪੈਲਾਂ |
| ਕੋਇਲ | : | ਤਾਰੀ |
| ਮੋਰ | : | ਗੁਟਕਣਾ |

IV. ਹੇਠ ਲਿਖਿਆਂ ਵਿੱਚੋਂ ਕਿਸੇ ਤਿੰਨ ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ : **1x3=3**

बलिदान

दादी

वृक्ष

प्रेरणा

V. ਹੇਠ ਲਿਖਿਆਂ ਵਿੱਚੋਂ ਕਿਸੇ ਤਿੰਨ ਸ਼ਬਦਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ : **2x3=6**

ਜ਼ੁਲਮ, ਮੌਕਾ, ਅਸੀਸਾਂ, ਮੁਕਾਬਲਾ, ਉਤਸ਼ਾਹ

VI. ਹੇਠਾਂ ਦਿੱਤੇ ਗਏ ਵਿਸ਼ਿਆਂ ਵਿੱਚੋਂ ਕਿਸੇ ਵਿਸ਼ੇ 'ਤੇ 75-100 ਸ਼ਬਦਾਂ ਵਿੱਚ ਲੇਖ ਲਿਖੋ ਜਾਂ ਪੱਤਰ ਲਿਖੋ। **6x1=6**

ਸ੍ਰੀ ਗੁਰੂ ਨਾਨਕ ਦੇਵ ਜੀ

ਜਾਂ

ਸਾਡਾ ਸਕੂਲ

ਜਾਂ

ਮਿੱਤਰ/ਸਹੇਲੀ ਨੂੰ ਪਾਸ ਹੋਣ 'ਤੇ ਵਧਾਈ ਪੱਤਰ ਲਿਖੋ